# PM holds All Party Meeting to discuss situation in India-China border areas

June 19, 2020

## ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਹਾਲਾਤ ਬਾਰੇ ਵਿਚਾਰ ਵਟਾਂਦਰੇ ਲਈ ਪ੍ਰਧਾਨ ਮੰਤਰੀ ਨੇ ਕੀਤੀ ਸਰਬ ਪਾਰਟੀ ਬੈਠਕ

**19 ਜੂਨ, 2020**

ਸਾਡੇ 20 ਜਾਂਬਾਜ਼ ਫੌਜੀਆਂ ਨੇ ਲੱਦਾਖ ਵਿੱਚ ਆਪਣਾ ਜੀਵਨ ਕੁਰਬਾਨ ਕੀਤਾ ਪਰ ਉਨ੍ਹਾਂ ਨੂੰ ਸਬਕ ਵੀ ਸਿਖਾਇਆ, ਜਿਨ੍ਹਾਂ ਨੇ ਸਾਡੀ ਮਾਤਭੂਮੀ ਅੱਖ ਕਰਨ ਦੀ ਹਿੰਮਤ ਕੀਤੀ ਸੀ: ਪ੍ਰਧਾਨ ਮੰਤਰੀ

ਨਾ ਤਾਂ ਸਾਡੇ ਖੇਤਰ ਅੰਦਰ ਕੋਈ ਹੈ ਅਤੇ ਨਾ ਹੀ ਸਾਡੀ ਕਿਸੇ ਚੌਕੀ 'ਤੇ ਕਬਜ਼ਾ ਹੋਇਆ ਹੈ: ਪ੍ਰਧਾਨ ਮੰਤਰੀ

ਭਾਰਤ ਸ਼ਾਂਤੀ ਅਤੇ ਦੋਸਤੀ ਦਾ ਚਾਹਵਾਨ ਹੈ, ਪਰ ਪ੍ਰਭੂਸੱਤਾ ਕਾਇਮ ਰੱਖਣਾ ਸਭ ਤੋਂ ਵੱਧ ਜ਼ਰੂਰੀ ਹੈ: ਪ੍ਰਧਾਨ ਮੰਤਰੀ

ਹਥਿਆਰਬੰਦ ਫੌਜੀਆਂ ਨੂੰ ਸਾਰੇ ਲੋੜੀਂਦੇ ਕਦਮ ਚੁੱਕਣ ਲਈ ਖੁਲੀ ਛੁੱਟ ਦਿੱਤੀ ਗਈ ਹੈ: ਪ੍ਰਧਾਨ ਮੰਤਰੀ

ਸਰਕਾਰ ਨੇ ਸਾਡੀਆਂ ਸਰਹੱਦਾਂ ਨੂੰ ਹੋਰ ਸੁੱਰਖਿਅਤ ਬਣਾਉਣ ਲਈ ਸਰਹੱਦੀ ਖੇਤਰ ਅੰਦਰ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦਿੱਤੀ ਹੈ: ਪ੍ਰਧਾਨ ਮੰਤਰੀ

ਕੌਮੀ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੀ ਸਿਰਜਣਾ ਲਈ ਸਾਰੇ ਲੋੜੀਂਦੇ ਕੰਮ ਤੇਜ਼ ਰਫਤਾਰ ਨਾਲ ਚੱਲਦੇ ਰਹਿਣਗੇ: ਪ੍ਰਧਾਨ ਮੰਤਰੀ

ਸਿਆਸੀ ਦਲਾਂ ਦੇ ਆਗੂਆਂ ਨੇ ਸਰਕਾਰ ਨਾਲ ਇੱਕਜੁਟ ਹੋਣ ਦੀ ਵਚਨਬੱਧਤਾ ਪ੍ਰਗਟਾਈ ਅਤੇ ਪ੍ਰਧਾਨ ਮੰਤਰੀ ਦੀ ਅਗਵਾਈ ਪ੍ਰਤੀ ਭਰੋਸਾ ਪ੍ਰਗਟਾਇਆ

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਭਾਰਤ-ਚੀਨ ਸਰਹੱਦੀ ਇਲਾਕਿਆਂ ਦੇ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਵੀਡੀਓ ਕਾਨਫਰੰਸਿੰਗ ਰਾਹੀਂ ਸਰਬ ਪਾਰਟੀ ਬੈਠਕ ਕੀਤੀ। ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸ ਬੈਠਕ ਵਿੱਚ ਭਾਗ ਲਿਆ।

ਹਥਿਆਰਬੰਦ ਫੌਜੀਆਂ ਦੀ ਬਹਾਦਰੀ

ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦੇ ਕੇ ਕਿਹਾ ਕਿ ਅੱਜ ਅਸੀਂ ਸਾਰੇ ਆਪਣੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਫੌਜੀਆਂ ਨਾਲ ਇਕਮੁੱਠ ਹੋ ਕੇ ਖੜੇ ਹਾਂ ਅਤੇ ਉਨ੍ਹਾਂ ਦੀ ਹਿੰਮਤ ਅਤੇ ਬਹਾਦਰੀ ਉੱਤੇ ਪੂਰਾ ਯਕੀਨ ਪ੍ਰਗਟਾਉਂਦੇ ਹਾਂ। ਉਨ੍ਹਾਂ ਨੇ ਅੱਗੇ ਕਿਹਾ ਕਿ ਸਰਬ ਪਾਰਟੀ ਬੈਠਕ ਰਾਹੀਂ ਉਹ ਸ਼ਹੀਦਾਂ ਦੇ ਪਰਿਵਾਰਾਂ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਸਾਰਾ ਦੇਸ਼ ਉਨ੍ਹਾਂ ਦੇ ਨਾਲ ਖੜਾ ਹੈ।

ਪ੍ਰਧਾਨ ਮੰਤਰੀ ਨੇ ਸ਼ੁਰੂ ਵਿੱਚ ਹੀ ਸਪੱਸ਼ਟ ਕੀਤਾ ਕਿ ਨਾ ਤਾਂ ਸਾਡੇ ਖੇਤਰ ਵਿਚ ਕੋਈ ਹੈ ਅਤੇ ਨਾ ਹੀ ਸਾਡੀ ਕਿਸੇ ਚੌਂਕੀ 'ਤੇ ਕਬਜ਼ਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਾਡੇ 20 ਜਾਂਬਾਜ਼ ਫੌਜੀਆਂ ਨੇ ਲੱਦਾਖ ਵਿੱਚ ਆਪਣਾ ਜੀਵਨ ਕੁਰਬਾਨ ਕੀਤਾ ਪਰ ਉਨ੍ਹਾਂ ਨੇ ਉਨ੍ਹਾਂ ਨੂੰ ਸਬਕ ਵੀ ਸਿਖਾਇਆ, ਜਿਨ੍ਹਾਂ ਨੇ ਸਾਡੀ ਮਾਤਭੂਮੀ ਅੱਖ ਕਰਨ ਦੀ ਹਿੰਮਤ ਕੀਤੀ ਸੀ। ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਸਾਡਾ ਮੁਲਕ ਹਮੇਸ਼ਾ ਯਾਦ ਰੱਖੇਗਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਚੀਨ ਵੱਲੋਂ LAC ਉੱਤੇ ਕੀਤੀਆਂ ਗਈਆਂ ਕਾਰਵਾਈਆਂ ਤੋਂ ਪੂਰਾ ਦੇਸ਼ ਦੁਖੀ ਅਤੇ ਨਾਰਾਜ਼ ਹੈ। ਉਨ੍ਹਾਂ ਨੇਤਾਵਾਂ ਨੂੰ ਭਰੋਸਾ ਦਿਵਾਇਆ ਕਿ ਸਾਡੇ ਹਥਿਆਰਬੰਦ ਫੌਜੀ ਮੁਲਕ ਦੀ ਰੱਖਿਆ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਗੱਲ ਚਾਹੇ ਤੈਨਾਤੀ ਦੀ ਹੋਵੇ, ਕਾਰਵਾਈ ਦੀ ਹੋਵੇ ਜਾਂ ਜਵਾਬੀ ਕਾਰਵਾਈ ਦੀ ਹੋਵੇ, ਜ਼ਮੀਨੀ, ਸਮੁੰਦਰੀ ਜਾਂ ਹਵਾਈ ਮਾਧਿਅਮ ਰਾਹੀਂ ਹੋਵੇ, ਸਾਡੀ ਫੌਜ ਦੇਸ਼ ਦੀ ਰੱਖਿਆ ਕਰਨ ਕਈ ਲੋੜੀਂਦੇ ਕਦਮ ਚੁੱਕ ਰਹੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦੇ ਕੇ ਕਿਹਾ ਕਿ ਦੇਸ਼ ਕੋਲ ਅੱਜ ਅਜਿਹੀ ਸਮਰੱਥਾ ਹੈ ਕਿ ਕੋਈ ਵੀ ਸਾਡੀ ਜ਼ਮੀਨ ਦੇ ਇੱਕ ਇੰਚ ਵੱਲ ਵੀ ਵੇਖਣ ਦੀ ਜ਼ੁੱਰਤ ਨਹੀਂ ਕਰ ਸਕਦਾ। ਉਨ੍ਹਾਂ ਨੇ ਕਿਹਾ ਕਿ ਅੱਜ ਭਾਰਤੀ ਫੌਜਾਂ ਵੱਖੋ ਵੱਖ ਸੈਕਟਰਾਂ ਪਾਰ ਜਾਣ ਲਈ ਮਿਲ ਕੇ ਅੱਗੇ ਵਧਣ ਦੇ ਸਮਰੱਥ ਹਨ। ਜਿੱਥੇ ਇੱਕ ਪਾਸੇ ਫੌਜ ਨੂੰ ਲੋੜੀਂਦੇ ਕਦਮ ਚੁੱਕਣ ਦੀ ਆਜ਼ਾਦੀ ਦਿੱਤੀ ਗਈ ਹੈ, ਉੱਥੇ ਨਾਲ ਹੀ ਭਾਰਤ ਨੇ ਚੀਨ ਨੂੰ ਆਪਣਾ ਨਜ਼ਰੀਆ ਕੂਟਨੀਤਕ ਚੈਨਲਾਂ ਰਾਹੀਂ ਸਪੱਸ਼ਟ ਤੌਰ 'ਤੇ ਦੱਸਿਆ ਹੈ।

ਸਰਹੱਦੀ ਇਲਾਕਿਆਂ ਦੇ ਬੁਨਿਆਦੀ ਢਾਂਚੇ ਦਾ ਸੁਧਾਰ

ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਸ਼ਾਂਤੀ ਅਤੇ ਦੋਸਤੀ ਦਾ ਇੱਛੁਕ ਹੈ, ਪਰ ਪ੍ਰਭੂਸੱਤਾ ਨੂੰ ਕਾਇਮ ਰੱਖਣਾ ਸਭ ਤੋਂ ਵੱਧ ਜ਼ਰੂਰੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਸਾਡੀ ਸਰਹੱਦਾਂ ਨੂੰ ਹੋਰ ਸੁੱਰਖਿਅਤ ਬਣਾਉਣ ਲਈ ਸਰਕਾਰ ਨੇ ਸਰਹੱਦੀ ਖੇਤਰ ਅੰਦਰ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦਿੱਤੀ ਹੈ। ਲੜਾਕੂ ਜਹਾਜ਼ਾਂ, ਆਧੁਨਿਕ ਹੈਲੀਕਾਪਟਰਾਂ, ਮਿਜ਼ਾਈਲ ਰੱਖਿਆ ਪ੍ਰਨਾਲੀਆਂ ਅਤੇ ਸਾਡੀਆਂ ਫੌਜਾਂ ਦੀਆਂ ਅਜਿਹੀਆਂ ਹੋਰ ਜ਼ਰੂਰਤਾਂ ਲਈ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਹਾਲ ਵਿੱਚ ਹੀ ਵਿਕਸਿਤ ਬੁਨਿਆਦੀ ਢਾਂਚੇ ਸਦਕਾ LAC ਉੱਤੇ ਗਸ਼ਤ ਕਰਨ ਦੀ ਸਮਰੱਥਾ ਵੀ ਵਧੀ ਹੈ ਅਤੇ ਅੱਗੇ ਕਿਹਾ ਕਿ ਇਸ ਨਾਲ ਸਾਨੂੰ LAC ਉੱਤੇ ਚਲ ਰਹੇ ਘਟਨਾਕ੍ਰਮ ਬਾਰੇ ਬਿਹਤਰ ਜਾਣਕਾਰੀ ਮਿਲਦੀ ਹੈ ਅਤੇ ਇਸਦੇ ਸਿੱਟੇ ਵਜੋਂ ਅਸੀਂ ਬੇਹਤਰ ਢੰਗ ਨਾਲ ਨਿਗਰਾਨੀ ਅਤੇ ਪ੍ਰਤੀਕਰਮ ਕਰਨ ਦੇ ਯੋਗ ਹੋਏ ਹਾਂ। ਜਿਨ੍ਹਾਂ ਦੀ ਆਵਾਜਾਈ ਪਹਿਲਾਂ ਬਿਨਾਂ ਕਿਸੇ ਰੁਕਾਵਟ ਦੇ ਹੁੰਦੀ ਸੀ, ਹੁਣ ਸਾਡੇ ਜਵਾਨ ਉਨ੍ਹਾਂ ਦੀ ਪੜਤਾਲ ਕਰ ਰਹੇ ਹਨ, ਜਿਸ ਕਾਰਨ ਕਈ ਵਾਰ ਤਣਾਅ ਪੈਦਾ ਹੋ ਜਾਂਦਾ ਹੈ। ਉਨ੍ਹਾਂ ਨੇ ਟਿੱਪਣੀ ਕੀਤੀ ਕਿ ਬਿਹਤਰ ਬੁਨਿਆਦੀ ਢਾਂਚੇ ਸਦਕਾ ਮੁਸ਼ਕਲ ਇਲਾਕੇ ਵਿੱਚ ਜਵਾਨਾਂ ਲਈ ਜ਼ਰੂਰੀ ਸਮੱਗਰੀ ਅਤੇ ਚੀਜ਼ਾਂ ਦੀ ਸਪਲਾਈ ਤੁਲਨਾਤਮਕ ਤੌਰ 'ਤੇ ਸੌਖੀ ਹੋ ਗਈ ਹੈ।

ਪ੍ਰਧਾਨ ਮੰਤਰੀ ਨੇ ਦੇਸ਼ ਅਤੇ ਦੇਸ਼ ਦੇ ਨਾਗਰਿਕਾਂ ਦੀ ਭਲਾਈ ਪ੍ਰਤੀ ਸਰਕਾਰ ਦੀ ਵਚਨਬੱਧਤਾ ਉੱਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਚਾਹੇ ਵਪਾਰ ਹੋਵੇ, ਸੰਪਰਕ ਹੋਵੇ ਜਾਂ ਅੱਤਵਾਦ ਦਾ ਵਿਰੋਧ ਹੋਵੇ, ਸਰਕਾਰ ਹਮੇਸ਼ਾਂ ਬਾਹਰੀ ਦਬਾਅ ਖਿਲਾਫ ਖੜੀ ਰਹੀ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਰਾਸ਼ਟਰੀ ਸੁਰੱਖਿਆ ਅਤੇ ਲੋੜੀਂਦੇ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਲੋੜੀਂਦੇ ਸਾਰੇ ਕੰਮ ਤੇਜ਼ ਰਫਤਾਰ ਨਾਲ ਚੱਲਦੇ ਰਹਿਣਗੇ। ਉਨ੍ਹਾਂ ਨੇ ਨੇਤਾਵਾਂ ਨੂੰ ਸਾਡੀਆਂ ਹੱਦਾਂ ਦੀ ਰਾਖੀ ਕਰਨ ਦੇ ਮਾਮਲੇ 'ਚ ਹਥਿਆਰਬੰਦ ਫੌਜ ਦੀ ਕਾਬਲੀਅਤ ਬਾਰੇ ਭਰੋਸਾ ਦੁਆਇਆ ਅਤੇ ਆਖਿਆ ਕਿ ਸਾਰੇ ਲੋੜੀਂਦੇ ਕਦਮ ਚੁੱਕਣ ਲਈ ਉਨ੍ਹਾਂ ਨੂੰ ਖੁੱਲੀ ਛੁੱਟ ਦਿੱਤੀ ਗਈ ਹੈ।

ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀ ਨੂੰ ਦੇਸ਼ ਕਦੇ ਨਹੀਂ ਭੁੱਲੇਗਾ। ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਭਾਰਤ ਅਤੇ ਚੀਨ ਵਿਚਾਲੇ ਸਰਹੱਦੀ ਪ੍ਰਬੰਧਨ ਬਾਰੇ ਸਮਝੌਤਿਆਂ ਦੀ ਜਾਣਕਾਰੀ ਦਿੱਤੀ, 1999 ਵਿੱਚ ਕੈਬਨਿਟ ਦੁਆਰਾ ਸ਼ਿਨਾਖਤ ਕੀਤੇ ਗਏ ਅਤੇ ਪ੍ਰਵਾਨਿਤ ਖੇਤਰਾਂ ਅੰਦਰਲੇ ਸਰਹੱਦੀ ਇਲਾਕਿਆਂ ਵਿੱਚ ਬੁਨਿਆਦੀ ਢਾਂਚਾ ਵਿਕਾਸ ਨੂੰ ਸਰਬਉੱਚ ਤਰਜੀਹ ਦੇਣ ਲਈ ਸਾਲ 2014 ਵਿੱਚ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਗਏ ਹੁਕਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਹਾਲੀਆ ਘਟਨਾਵਾਂ ਬਾਰੇ ਵੇਰਵੇ ਵੀ ਦਿੱਤੇ।

**ਸਿਆਸੀ ਪਾਰਟੀਆਂ ਦੇ ਆਗੂਆਂ ਦੇ ਬਿਆਨ**

ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਲੱਦਾਖ ਵਿੱਚ ਹਥਿਆਰਬੰਦ ਫੌਜਾਂ ਦੁਆਰਾ ਵਿਖਾਈ ਗਈ ਬਹਾਦਰੀ ਦੀ ਤਾਰੀਫ ਕੀਤੀ। ਉਨ੍ਹਾਂ ਨੇ ਲੋੜ ਦੀ ਇਸ ਘੜੀ ਵਿਚ ਪ੍ਰਧਾਨ ਮੰਤਰੀ ਦੀ ਅਗਵਾਈ ਪ੍ਰਤੀ ਭਰੋਸਾ ਪ੍ਰਗਟਾਇਆ ਅਤੇ ਸਰਕਾਰ ਨਾਲ ਇੱਕਜੁਟ ਹੋਣ ਪ੍ਰਤੀ ਆਪਣੀ ਵਚਨਬੱਧਤਾ ਜ਼ਾਹਰ ਕੀਤੀ। ਉਨ੍ਹਾਂ ਨੇ ਹਾਲਾਤ ਨਾਲ ਨਜਿੱਠਣ ਲਈ ਆਪਣੇ ਵਿਚਾਰ ਵੀ ਸਾਂਝੇ ਕੀਤੇ।

ਕੁਮਾਰੀ ਮਮਤਾ ਬੈਨਰਜੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਮਜ਼ਬੂਤੀ ਨਾਲ ਸਰਕਾਰ ਦੇ ਨਾਲ ਇੱਕਜੁਟ ਹੋਕੇ ਖੜੀ ਹੈ। ਸ਼੍ਰੀ ਨੀਤੀਸ਼ ਕੁਮਾਰ ਨੇ ਕਿਹਾ ਕਿ ਨੇਤਾਵਾਂ ਦਰਮਿਆਨ ਕੋਈ ਮਤਭੇਦ ਨਹੀਂ ਹੋਣਾ ਚਾਹੀਦਾ ਅਤੇ ਪਾਰਟੀਆਂ ਨੂੰ ਕਿਸੇ ਵੀ ਮਤਭੇਦ ਦੀ ਇਜ਼ਾਜ਼ਤ ਨਹੀਂ ਦੇਣੀ ਚਾਹੀਦੀ, ਜਿਸ ਦਾ ਹੋਰ ਮੁਲਕ ਫਾਇਦਾ ਲੈ ਸਕਣ। ਸ਼੍ਰੀ ਚਿਰਾਗ ਪਾਸਵਾਨ ਨੇ ਕਿਹਾ ਕਿ ਦੇਸ਼ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਸੁਰੱਖਿਅਤ ਮਹਿਸੂਸ ਕਰਦਾ ਹੈ।

ਪ੍ਰਧਾਨ ਮੰਤਰੀ ਦੀ ਸ਼ਲਾਘਾ ਕਰਦਿਆਂ ਸ਼੍ਰੀ ਉਧਵ ਠਾਕਰੇ ਨੇ ਕਿਹਾ ਕਿ ਪੂਰਾ ਦੇਸ਼ ਇੱਕਜੁਟ ਹੈ ਅਤੇ ਪ੍ਰਧਾਨ ਮੰਤਰੀ ਦੇ ਨਾਲ ਹੈ।

ਸ਼੍ਰੀਮਤੀ ਸੋਨੀਆ ਗਾਂਧੀ ਨੇ ਕਿਹਾ ਕਿ ਨੇਤਾ ਲੋਕ ਹਾਲਾਤ ਦੇ ਵੇਰਵਿਆਂ ਬਾਰੇ ਅਜੇ ਵੀ ਹਨੇਰੇ ਵਿੱਚ ਹਨ ਅਤੇ ਉਨ੍ਹਾਂ ਨੇ ਸਰਕਾਰ ਨੂੰ ਖੁਫੀਆ ਰਿਪੋਰਟਾਂ ਅਤੇ ਹੋਰ ਜੁੜੇ ਮਾਮਲਿਆਂ ਬਾਰੇ ਸਵਾਲ ਕੀਤੇ। ਸ਼੍ਰੀ ਸ਼ਰਦ ਪਵਾਰ ਨੇ ਇਸ ਗੱਲ 'ਤੇ ਜ਼ੋਰ ਦੇ ਕੇ ਕਿਹਾ ਕਿ ਫੌਜੀਆਂ ਕੋਲ ਹਥਿਆਰ ਸਨ ਜਾਂ ਨਹੀਂ, ਇਨ੍ਹਾਂ ਮੁੱਦਿਆਂ ਦਾ ਫੈਸਲਾ ਕੌਮਾਂਤਰੀ ਸਮਝੌਤਿਆਂ ਅਨੁਸਾਰ ਕੀਤਾ ਜਾਂਦਾ ਹੈ ਅਤੇ ਕਿਹਾ ਕਿ ਪਾਰਟੀਆਂ ਨੂੰ ਅਜਿਹੇ ਮਾਮਲਿਆਂ ਨਾਲ ਜੁੜੀਆਂ ਸੰਵੇਦਨਾਵਾਂ ਦਾ ਸਨਮਾਨ ਕਰਨ ਦੀ ਲੋੜ ਹੈ। ਸ਼੍ਰੀ ਕੋਨਰਾਡ ਸੰਗਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਉੱਤਰ-ਪੂਰਬ ਵਿਚ ਬੁਨਿਆਦੀ ਢਾਂਚੇ ਬਾਰੇ ਕੰਮ ਕਰ ਰਹੇ ਹਨ ਅਤੇ ਇਹ ਕੰਮ ਜਾਰੀ ਰਹਿਣਾ ਚਾਹੀਦਾ ਹੈ। ਕੁਮਾਰੀ ਮਾਇਆਵਤੀ ਨੇ ਕਿਹਾ ਕਿ ਇਹ ਸਮਾਂ ਸਿਆਸਤ ਕਰਨ ਦਾ ਨਹੀਂ ਹੈ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਜੋ ਵੀ ਫੈਸਲੇ ਲੈਣਗੇ, ਉਹ ਉਨ੍ਹਾਂ ਦੇ ਨਾਲ ਦ੍ਰਿੜਤਾਪੂਰਵਕ ਖੜੇ ਹੋਣਗੇ। ਸ਼੍ਰੀ ਐਮ. ਕੇ. ਸਟਾਲਿਨ ਨੇ ਇਸ ਮਸਲੇ ਬਾਰੇ ਪ੍ਰਧਾਨ ਮੰਤਰੀ ਦੇ ਹਾਲੀਆ ਬਿਆਨ ਦਾ ਸਵਾਗਤ ਕੀਤਾ।

ਪ੍ਰਧਾਨ ਮੰਤਰੀ ਨੇ ਨੇਤਾਵਾਂ ਦਾ ਆਪਣੇ ਵਿਚਾਰ ਸਾਂਝੇ ਕਰਨ ਅਤੇ ਬੈਠਕ ਵਿਚ ਹਿੱਸਾ ਲੈਣ ਲਈ ਧੰਨਵਾਦ ਕੀਤਾ।

ਨਵੀਂ ਦਿਲੀ

19 ਜੂਨ, 2020

DISCLAIMER: This is an approximate translation. The original is available in English on MEA’s website and may be referred to as the official press release.